ਭਾਗ 3

ਮੁੱਖਬੰਧ: ਕਿਉਂ ਇੱਥੇ ਬਹੁਤ ਸਾਰੇ ਪ੍ਰਭੂ ਨੂੰ ਕਬੂਲ ਕਰਨ ਦਾ ਫੈਸਲਾ ਤਾਂ ਕਰਦੇ ਹਨ... ਪਰ ਬਹੁਤ ਘੱਟ ਚੇਲੇ ਹੁੰਦੇ ਹਨ?

ਨਕਾਰਾਤਮਕ ਹੁਕਮ: *"ਇਸ ਜੁੱਗ ਦੇ ਰੂਪ ਜਿਹੇ ਨਾ ਬਣੋ..."*

"ਰੂਪ ਜਿਹੇ ਨਾ ਬਣੋ"

- ਨਿਸ਼ਕਿਰਿਆ ਅਵਾਜ
- ਆਦੇਸ਼ਾਤਮਕ
- ਵਰਤਮਾਨ ਕਾਲ

ਅਨੁਵਾਦ: *"ਆਪਣੇ ਆਪ ਨੂੰ ਇਸ ਵਰਤਮਾਨ ਸੰਸਾਰ ਦੀ ਪ੍ਰਣਾਲੀ ਦੇ ਦਬਾਅ ਦੁਆਰਾ ਪ੍ਰਭਾਵਿਤ ਹੋਣ ਅਤੇ ਢਾਲੇ ਜਾਣ ਦੀ ਇਜਾਜ਼ਤ ਦੇਣਾ ਬੰਦ ਕਰੋ।"*

ਲਾਗੂਕਰਨ: ਅਸੀਂ ਸੰਸਾਰ ਦੀਆਂ ਕਦਰਾਂ-ਕੀਮਤਾਂ ਤੋਂ **ਅੱਡ ਹੋਣਾ** ਹੈ।

> [15]*"ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ।* [16]*ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ* ***ਸਰੀਰ ਦੀ ਕਾਮਨਾ*** *ਅਤੇ* ***ਨੇਤਰਾਂ ਦੀ ਕਾਮਨਾ*** *ਅਤੇ* ***ਜੀਵਨ ਦਾ ਅਭਮਾਨ*** *ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ।* [17]*ਅਤੇ ਸੰਸਾਰ ਨਾਲੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ।"*
>
> 1 ਯੂਹੰਨਾ 2:15-17

ਸਾਰ: ਸੰਸਾਰ ਦੀ ਪ੍ਰਣਾਲੀ ਮਸੀਹ ਲਈ ਸਾਡੇ ਪਿਆਰ ਤੋਂ ਸਾਨੂੰ **ਸੁੱਖ**, **ਸੰਪਤੀ**, ਅਤੇ **ਸਥਿਤੀ** ਰਾਹੀਂ **ਬਹਿਕਾਉਣ** ਨੂੰ ਭਾਲਦੀ ਹੈ।

ਸਕਾਰਾਤਮਕ ਹੁਕਮ: *"...ਆਪਣੇ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ।"*

Copyright © 2025 by Chip Ingram and Living on the Edge

"ਬਦਲਦੇ ਜਾਓ"

- ਨਿਸ਼ਕਿਰਿਆ ਅਵਾਜ
- ਆਦੇਸ਼ਾਤਮਕ
- ਵਰਤਮਾਨ ਕਾਲ

ਅਨੁਵਾਦ

"ਪਲ-ਪਲ ਆਤਮਾ ਦੀ ਨਵੀਨੀਕਰਣ ਪ੍ਰਕਿਰਿਆ ਨਾਲ ਪੂਰਣ ਤੌਰ ਤੇ ਸਹਿਯੋਗੀ ਹੋਣ ਦੁਆਰਾ ਆਪਣੀ ਅੰਦਰੂਨੀ ਸੋਚ ਅਤੇ ਬਾਹਰੀ ਵਿਵਹਾਰ ਨੂੰ ਬਦਲਣ ਦੀ ਪਰਮੇਸ਼ੁਰ ਨੂੰ ਪੂਰਣ ਇਜਾਜ਼ਤ ਦਿਉ।"

Application

ਲਾਗੂਕਰਨ

ਅਸੀਂ **ਵਚਨ** ਦੁਆਰਾ ਬਦਲਣਾ ਹੈ, ਨਾ ਕਿ **ਸੰਸਾਰ** ਦੁਆਰਾ।

> *ਉਹ ਨੇ ਉੱਤਰ ਦਿੱਤਾ, "ਲਿਖਿਆ ਹੈ, 'ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁੱਖੋਂ ਨਿੱਕਲਦਾ ਹੈ।'"*
>
> *ਮੱਤੀ 4:4*
>
> *ਪਰ ਅਸੀਂ ਅਣਕੱਜੇ ਮੁਖ ਨਾਲ ਪ੍ਰਭੁ ਦੇ ਤੇਜ ਦਾ ਮਾਨੋਂ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।"*
>
> 2 ਕੁਰਿੰਥੀਆਂ 3:18

ਬਦਲਦੇ ਜਾਣ ਦੇ ਸਾਧਨ: *"...ਆਪਣੇ ਮਨ ਨੂੰ ਨਵਾਂ ਕਰਨ ਦੇ ਦੁਆਰਾ"*

- ਰੋਮੀਆਂ 12:1 ਦੇ ਦ੍ਰਿਸ਼ਟੀਕੋਣ ਤੋਂ ਆਪਣੇ ਮਨ ਨੂੰ ਨਵਾਂ ਕਰਨਾ ਇੱਕ ਨਿਰੰਤਰ **ਮੁੜ ਫੋਕਸ** ਕਰਨਾ ਹੈ।
  ਕੁਲੁੱਸੀਆਂ 3:1-4
- ਆਪਣੇ ਮਨ ਨੂੰ ਨਵਾਂ ਕਰਨ ਵਿੱਚ ਸਦਾ ਇੱਕ **ਲੜਾਈ** ਸ਼ਾਮਲ ਹੋਵੇਗੀ।
  2 ਕੁਰਿੰਥੀਆਂ 10:4-5
- ਆਪਣੇ ਮਨ ਨੂੰ ਨਵਾਂ ਕਰਨਾ ਆਤਮਾ ਦਾ ਇੱਕ **ਅਲੌਕਿਕ** ਕੰਮ ਹੈ।
  ਰੋਮੀਆਂ 8:5-6

Copyright © 2025 by Chip Ingram and Living on the Edge

ਸਾਰ

ਤੁਸੀਂ ਜੋ **ਖਾਂਦੇ** ਹੋ ਉਹੀ ਤੁਸੀਂ ਹੋ!!!

"ਆਪਣੇ ਮਨ ਨੂੰ ਨਵਾਂ ਕਰਨ" ਦੇ ਵਿਵਹਾਰਿਕ ਢੰਗ

1. **ਪਰਮੇਸ਼ੁਰ ਦਾ ਵਚਨ ਸੁਣੋ** ਰੋਮੀਆਂ 10:17

   ਸੋ ਪਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ।

2. **ਪਰਮੇਸ਼ੁਰ ਦੇ ਵਚਨ ਨੂੰ ਪੜ੍ਹੋ**
   ਪਰਕਾਸ਼ ਦੀ ਪੋਥੀ 1:3

   ਧੰਨ ਉਹ ਜਿਹੜਾ ਇਸ ਅਗੰਮ ਵਾਕ ਦੀਆਂ ਬਾਣੀਆਂ ਨੂੰ ਪੜ੍ਹਦਾ ਹੈ, ਨਾਲੇ ਓਹ ਜਿਹੜੇ ਸੁਣਦੇ ਹਨ ਅਤੇ ਜੋ ਕੁਝ ਇਹ ਦੇ ਵਿੱਚ ਲਿਖਿਆ ਹੋਇਆ ਹੈ ਉਹ ਦੀ ਪਾਲਨਾ ਕਰਦੇ ਹਨ, ਕਿਉਂ ਜੋ ਸਮਾ ਨੇੜੇ ਹੈ।

3. **ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰੋ**
   2 ਤਿਮੋਥਿਉਸ 2:15

   ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ।

4. **ਪਰਮੇਸ਼ੁਰ ਦੇ ਵਚਨ ਨੂੰ ਯਾਦ ਕਰੋ**
   ਜ਼ਬੂਰ 119:9,11

   ਜੁਆਨ ਕਿਦਾਂ ਆਪਣੀ ਚਾਲ ਨੂੰ ਸ਼ੁੱਧ ਰੱਖੇ? ਉਹ ਤੇਰੇ ਵਚਨ ਦੇ ਅਨੁਸਾਰ ਉਹ ਦੀ ਚੌਕਸੀ ਕਰੇ।
   ਮੈਂ ਤੇਰੇ ਵਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ।

5. **ਪਰਮੇਸ਼ੁਰ ਦੇ ਵਚਨ ਉੱਤੇ ਮਨਨ ਕਰੋ**
   ਯਹੋਸ਼ੁਆ 1:8

   ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਵਿੱਚ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।

Copyright © 2025 by Chip Ingram and Living on the Edge

ਬਦਲਾਅ ਲਈ ਇੱਕ ਸਾਧਨ: "2PROAPT" ਢੰਗ

ਬਦਲੇ ਜਾਣ ਦਾ ਮਕਸਦ: *"ਪਰਮੇਸ਼ੁਰ ਦੇ ਉੱਤਮ ਨੂੰ ਪ੍ਰਾਪਤ ਕਰਨਾ ਤਾਂ ਜੋ ਤੁਸੀਂ ਅਨੁਭਵ ਦੁਆਰਾ, ਪਰਖ ਸਕੋ, ਕਿ ਪਰਮੇਸ਼ੁਰ ਦੀ ਮਰਜ਼ੀ..."*

- ਚੰਗੀ – ਮਨਮੋਹਕ, ਆਕਰਸ਼ਕ, ਸੋਹਣੀ, ਬੇਹੱਦ ਸੰਤੁਸ਼ਟ ਕਰਨ ਵਾਲੀ ਹੈ।
- ਸੁਹਾਵਣੀ – ਪਰਮੇਸ਼ੁਰ ਅੱਗੇ ਸਵੀਕਾਰਯੋਗ ਅਤੇ ਸਾਨੂੰ ਬਹੁਤ ਪਰਸੰਨ ਕਰਨ ਵਾਲੀ
- ਸਿੱਧ – ਬਣਤਰ ਦੇ ਅਨੁਸਾਰ, ਸਾਡੇ ਜੀਵਨਾਂ ਲਈ ਪਰਮੇਸ਼ੁਰ ਦੇ ਮਕਸਦ ਨੂੰ ਪੂਰਾ ਕਰਨ ਲਈ ਸਾਡੀ ਪੂਰਣ ਸੰਭਾਵਨਾ ਨੂੰ ਵਧਾਉਂਦੀ ਹੋਈ।

ਨਿੱਜੀ ਲਾਗੂਕਰਨ ਪ੍ਰਸ਼ਨ:

1. ਇਸ ਸੰਦੇਸ਼ ਤੋਂ ਤੁਸੀਂ ਸਭ ਤੋਂ ਜ਼ਿਆਦਾ ਵੱਡਾ "ਕੀ ਪ੍ਰਾਪਤ" ਕੀਤਾ ਹੈ?

2. ਰੋਮੀਆਂ 12:2 ਦੇ ਅਨੁਸਾਰ ਕਿਉਂ ਬਹੁਤ ਘੱਟ ਮਸੀਹੀ ਪਰਮੇਸ਼ੁਰ ਦੇ ਸਭ ਤੋਂ ਉੱਤਮ ਨੂੰ ਪ੍ਰਾਪਤ ਕਰਦੇ ਹਨ?

3. ਅਸੀਂ ਸਾਰੇ ਸੰਸਾਰ ਦੇ ਸਾਡੇ ਜੀਵਨਾਂ ਨੂੰ ਬਦਲਣ ਦੀ ਕੋਸ਼ਿਸ਼ ਨਾਲ ਸੰਘਰਸ਼ ਕਰਦੇ ਹਾਂ – ਕਿੱਥੇ ਤੁਸੀਂ ਸਭ ਤੋਂ ਵੱਧ ਖ਼ਤਰੇ ਵਿੱਚ ਹੁੰਦੇ ਹੋ? ਤੁਹਾਡੇ ਕਮਜ਼ੋਰੀ ਦੇ ਖੇਤਰਾਂ ਵਿੱਚ ਪ੍ਰੀਖਿਆ ਨੂੰ ਰੋਕਣ ਲਈ ਸਭ ਤੋਂ ਵੱਧ ਕਿਸ ਨੇ ਮਦਦ ਕੀਤੀ ਹੈ?

4. ਕਿਉਂ "ਮਨ ਨੂੰ ਨਵਾਂ ਕਰਨਾ" ਬਹੁਤ ਮਹੱਤਵਪੂਰਣ ਹੈ? ਮਨ ਨੂੰ ਨਵਾਂ ਕਰਨਾ ਅਤੇ ਪਰਮੇਸ਼ੁਰ ਦਾ ਸਭ ਤੋਂ ਉੱਤਮ ਪ੍ਰਾਪਤ ਕਰਨਾ ਇੱਕ ਦੂਜੇ ਨਾਲ ਕਿਵੇਂ ਸੰਬੰਧਤ ਹੈ?

5. ਕੀ ਇੱਥੇ ਕੁਝ ਜਾਂ ਕੋਈ ਹੈ ਜਿਸ ਨੂੰ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ "ਨਾ" ਕਹੋ ਕਿਉਂ ਜੋ ਇਹ ਤੁਹਾਨੂੰ ਇਸ ਜੁੱਗ ਦੇ ਰੂਪ ਜਿਹੇ ਬਣਾ ਰਿਹਾ ਹੈ? ਕੀ ਇੱਥੇ ਕੁਝ ਹੈ ਜਿਸ ਨੂੰ ਪਰਮੇਸ਼ੁਰ ਚਾਹੁੰਦਾ ਤੁਸੀਂ "ਹਾਂ" ਕਹੋ ਤਾਂ ਜੋ ਤੁਹਾਡਾ ਮਨ ਨਵਾਂ ਹੋਵੇ ਅਤੇ ਤੁਸੀਂ ਆਪਣੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਦਾ ਅਨੁਭਵ ਕਰ ਸਕੋ?

Copyright © 2025 by Chip Ingram and Living on the Edge